# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times — 12 ਨਵੰਬਰ 2025 ਦਿਨ ਬੁੱਧਵਾਰ — ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਤਰਕਸ਼ੀਲਾਂ ਵੱਲੋਂ ਚੇਤਨਾ ਪ੍ਰੀਖਿਆ ਦਾ ਇਕਾਈ ਪੱਧਰੀ ਨਤੀਜਾ ਐਲਾਨਿਆ – ਸੁਰਿੰਦਰ ਪਾਲ

### ਚੇਤਨਾ ਪ੍ਰੀਖਿਆ ਵਿੱਚ ਵੱਧਦਾ ਰੁਝਾਨ ਵਿਗਿਆਨਕ ਵਿਚਾਰਾਂ ਦੇ ਪਸਾਰੇ ਲਈ ਵਧੀਆ ਸੰਕੇਤ - ਮਾਸਟਰ ਪਰਮਵੇਦ

### ਕੁੜੀਆਂ ਦੀ ਹੋਈ ਬੱਲੇ ਬੱਲੇ

ਵਰਲਡ ਪੰਜਾਬੀ ਟਾਈਮਜ਼ — ਮਾਸਟਰ ਪਰਮਵੇਦ

ਸੰਗਰੂਰ 12 ਨਵੰਬਰ : ਵਿਦਿਆਰਥੀਆਂ ਵਿਚ ਵਿਗਿਆਨਕ ਚੇਤਨਾ ਵਿਕਸਤ ਕਰਨ ,ਉਨ੍ਹਾਂ ਨੂੰ ਹਰ ਤਰ੍ਹਾਂ ਦੇ ਵਹਿਮਾਂ ਭਰਮਾਂ ਤੋਂ ਮੁਕਤ ਤੇ ਜਾਗਰੂਕ ਕਰਨ ਦੇ ਮਕਸਦ ਨੂੰ ਲੈ ਕੇ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਹਰ ਸਾਲ ਮਿਡਲ,ਸੈਕੰਡਰੀ ਤੇ ਅਪਰ ਸੈਕੰਡਰੀ ਦੇ ਵਿਦਿਆਰਥੀਆ ਦੀ ਚੇਤਨਾ ਪਰਖ ਪ੍ਰੀਖਿਆ ਕਰਵਾਈ ਜਾਂਦੀ ਹੈ। ਐਤਕੀ ਸੱਤਵੀਂ ਚੇਤਨਾ ਪਰਖ਼ ਪ੍ਰੀਖਿਆ ਮਹਾਨ ਕ੍ਰਾਂਤੀਕਾਰੀ ਬੀਬੀ ਗ਼ਦਰੀ ਗੁਲਾਬ ਕੌਰ ਨੂੰ ਸਮਰਪਿਤ ਕਰਵਾਈ ਗਈ । ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੇ ਆਗੂਆਂ ਮਾਸਟਰ ਪਰਮਵੇਦ, ਸੁਰਿੰਦਰ ਪਾਲ,ਸੀਤਾ ਰਾਮ, ਪ੍ਰਗਟ ਸਿੰਘ ਬਾਲੀਆਂ,ਕ੍ਰਿਸ਼ਨ ਸਿੰਘ, ਗੁਰਦੀਪ ਸਿੰਘ ਲਹਿਰਾ, ਜਸਦੇਵ ਸਿੰਘ, ਪਰਮਿੰਦਰ ਸਿੰਘ, ਕਰਤਾਰ ਸਿੰਘ ,ਪ੍ਰਲਾਦ ਸਿੰਘ ,ਹੇਮਰਾਜ,ਪਰਮਜੀਤ ਕੌਰ, ਦੇਵਿੰਦਰ ਕੌਰ ਤੇ ਇਕਬਾਲ ਕੌਰ ਆਧਾਰਿਤ ਤਰਕਸ਼ੀਲ ਟੀਮ ਨੇ ਇਕਾਈ ਪੱਧਰੀ ਨਤੀਜਾ ਘੋਸ਼ਿਤ ਕਰਦਿਆਂ ਦੱਸਿਆ ਕਿ ਸੂਬੇ ਵੱਲੋਂ ਹਰੇਕ ਜਮਾਤ ਦੇ ਸਭ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਪਹਿਲੇ ਤਿੰਨ ਵਿਦਿਆਰਥੀਆਂ ਆਧਾਰਿਤ ਸੂਬਾ ਪੱਧਰੀ



ਪੁਨੀਤੀ, ਹਰਪ੍ਰੀਤ ਕੌਰ, ਨਿਸ਼ਠਾ, ਰਣਜੋਧ ਸਿੰਘ, ਸਹਿਜਨੂਰ, ਪ੍ਰਭਜੋਤ ਕੌਰ, ਕਮਲਪ੍ਰੀਤ ਕੌਰ, ਖੁਸ਼ਲ ਸਹਿਗਲ, ਦੀਪਕਪਾਲ ਸਿੰਘ, ਜਪਲੀਨ

ਮੈਰਿਟ ਬਣਾਈ ਗਈ ਹੈ , ਉਸ ਤੋਂ ਅਗਲੇ ਹਰੇਕ ਜਮਾਤ ਦੇ ਦੋ ਸਥਾਨਾਂ ਤੇ ਰਹਿਣ ਵਾਲੇ ਵਿਦਿਆਰਥੀ ਜ਼ੋਨ ਪੱਧਰੀ ਮੈਰਿਟ ਸੂਚੀ ਵਿੱਚ ਹਨ ਹਨ ਤੇ ਉਸ ਤੋਂ ਬਾਅਦ ਪ੍ਰੀਖਿਆ ਵਿੱਚ ਸ਼ਮੂਲੀਅਤ ਦੇ ਆਧਾਰ ਤੇ ਇਕਾਈ ਪੱਧਰੀ ਮੈਰਿਟ ਸੂਚੀ ਬਣਾਈ ਗਈ ਹੈ ।ਇਕਾਈ ਪੱਧਰ ਤੇ ਪਹਿਲੇ ਤਿੰਨ ਸਥਾਨਾਂ ਤੇ ਰਹੇ ਵਿਦਿਆਰਥੀਆਂ ਬਾਰੇ ਦੱਸਿਆ ਕਿ ਛੇਵੀਂ ਜਮਾਤ ਵਿੱਚੋਂ ਬਚਪਨ ਇੰਗਲਿਸ਼ ਸਕੂਲ ਸੰਗਰੂਰ ਦੀ ਪਰਨੀਤੀ ਤਿਵਾੜੀ ਨੇ ਪਹਿਲਾ, ਦੇਵਰਾਜ ਡੀਏਵੀ ਸਕੂਲ ਲਹਿਰਗਾਗਾ ਦੇ ਰਮਨ ਮਿਤਲ ਨੇ ਦੂਜਾ ਤੇ ਸੀਬਾ ਇੰਟਰਨੈਸ਼ਨਲ ਨੈਸ਼ਨਲ ਪਬਲਿਕ ਸਕੂਲ ਲਹਿਰਾਗਾਗਾ ਦੇ ਅਵੀਜੋਤ ਨੇ ਤੀਜਾ ਸਥਾਨ ਪ੍ਰਾਪਤ ਕੀਤਾ, ਸੱਤਵੀਂ ਜਮਾਤ ਵਿੱਚੋਂ ਬਚਪਨ ਸਕੂਲ ਸੰਗਰੂਰ ਦੇ ਖੁਸ਼ਲ ਸਹਿਗਲ ਤੇ ਸੀਬਾ ਸਕੂਲ ਲਹਿਰਾਗਾਗਾ ਦੀ ਸਹਿਜਨੂਰ ਕੌਰ ਨੇ ਪਹਿਲਾ,ਸੀਬਾ ਸਕੂਲ ਲਹਿਰਾਗਾਗਾ ਦੀ ਸਿਮਰੀ ਕੌਰ ਨੇ ਦੂਜਾ ਤੇ ਸੀਬਾ ਸਕੂਲ ਦੀ ਹੀ ਹਰਨੂਰਦੀਪ ਨੇ ਤੀਜਾ ਸਥਾਨ ਪ੍ਰਾਪਤ ਕੀਤਾ,ਅੱਠਵੀਂ ਜਮਾਤ ਵਿੱਚ ਸਸਸਸ ਥਲੇਸ ਦੀ ਪ੍ਰਭਜੋਤ ਕੌਰ ਤੇ ਸੀਬਾ ਸਕੂਲ ਦੀ ਨਿਸ਼ਠਾ ਨੇ ਪਹਿਲਾ ਸਥਾਨ, ਸੀਬਾ ਸਕੂਲ ਦੀ ਹਰਜੋਤ ਕੌਰ ਨੇ ਦੂਜਾ ਤੇ ਦੇਵਰਾਜ ਡੀਏਵੀ ਸਕੂਲ ਲਹਿਰਗਾਗਾ ਦੇ ਅਭੀ ਗੋਇਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ, ਨੌਵੀਂ ਜਮਾਤ ਵਿੱਚ ਸੀਬਾ ਸਕੂਲ ਲਹਿਰਾਗਾਗਾ ਦੇ ਰਣਜੋਧ ਸਿੰਘ ਨੇ ਪਹਿਲਾ ,ਬਚਪਨ ਇੰਗਲਿਸ਼ ਸਕੂਲ ਸੰਗਰੂਰ ਦੀ ਅਨਵੀ ਨੇ ਦੂਜਾ ਤੇ ਸੀਬਾ ਸਕੂਲ ਲਹਿਰਾਗਾਗਾ ਦੇ ਪੁਸ਼ਪ੍ਰੀਤ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ ,ਦਸਵੀਂ ਜਮਾਤ ਵਿੱਚ ਬਚਪਨ ਸਕੂਲ ਦੀ ਜਪਲੀਨ ਕੌਰ ਨੇ ਪਹਿਲਾ,ਬਚਪਨ ਸਕੂਲ ਦੇ ਹੀ ਭਵਜੀਤ ਸਿੰਘ ਨੇ ਦੂਜਾ ਤੇ ਦੇਵਰਾਜ ਡੀਏਵੀ ਸਕੂਲ ਲਹਿਰਗਾਗਾ ਦੀ ਮਨਜੋਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ , ਗਿਆਰਵੀਂ ਜਮਾਤ ਵਿੱਚ ਸਸਸਸ ਮਹਿਲਾਂ ਦਾ ਦੀਪਕਪਾਲ ਸਿੰਘ ਤੇ ਮਹਿਲਾਂ ਸਕੂਲ ਦੀ ਹੀ ਕਮਲਪ੍ਰੀਤ ਕੌਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ,ਬਾਰਵੀਂ ਜਮਾਤ ਵਿੱਚ ਸਸਸਸ ਮਹਿਲਾਂ ਦੀ ਹਰਪ੍ਰੀਤ ਕੌਰ ਨੇ ਪਹਿਲਾ ਤੇ ਮਹਿਲਾਂ ਸਕੂਲ ਦੀ ਪ੍ਰਭਜੋਤ ਕੌਰ ਤੇ ਸਸਸਸ ਬਡਰੁੱਖਾਂ ਦੀ ਸਾਰੀਕਾ ਅਰੋੜਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ।

ਆਗੂਆਂ ਦੱਸਿਆ ਕਿ ਸਥਾਨਕ ਇਕਾਈ ਦੇ 35 ਸਕੂਲਾਂ ਦੇ 534 ਮਿਡਲ ਤੇ 487 ਸੈਕੰਡਰੀ ਕੁੱਲ 1021 ਵਿਦਿਆਰਥੀਆਂ ਨੇ 12 ਪ੍ਰੀਖਿਆ ਕੇਂਦਰਾਂ ਵਿੱਚ ਪ੍ਰੀਖਿਆ ਦਿੱਤੀ ਸੀ । ਉਨ੍ਹਾਂ ਅੱਗੇ ਕਿਹਾ ਕਿ ਸੰਗਰੂਰ ਇਕਾਈ ਪੱਧਰੀ ਮੈਰਿਟ ਵਿੱਚ ਹਰੇਕ ਜਮਾਤ ਵਿੱਚੋਂ ਘੱਟੋ ਘੱਟ ਪਹਿਲੇ ਪੰਜ ਸਥਾਨਾਂ ਤੇ ਰਹਿਣ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਸਮਾਗਮ ਵਿੱਚ ਵਿਗਿਆਨਕ ਵਿਚਾਰਾਂ ਵਾਲੀਆਂ ਕਿਤਾਬਾਂ ,ਯਾਦਗਾਰੀ ਚਿੰਨ੍ਹ ਤੇ ਸਨਮਾਨ ਪੱਤਰ ਦੇ ਕੇ ਤੇ ਸਹਿਯੋਗੀ ,ਹਮਦਰਦ ਅਧਿਆਪਕਾਂ, ਸਕੂਲ ਮੁਖੀਆਂ ਤੇ ਪਤਵੰਤਿਆਂ ਨੂੰ ਵੀ ਸਨਮਾਨ ਪੱਤਰ ਦੇ ਕੇ ਸਨਮਾਨਤ ਕੀਤਾ ਜਾਵੇਗਾ। ਪ੍ਰੀਖਿਆ ਵਿੱਚ 35% ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵੀ ਵੀ ਸਨਮਾਨ ਪੱਤਰ ਦਿੱਤੇ ਜਾਣਗੇ।

## ਮਾਨਸਰੋਵਰ ਸਾਹਿਤ ਅਕਾਦਮੀ ਦਾ ਲਾਇਵ ਪ੍ਰੋਗਰਾਮ ਮਾਂ ਬੋਲੀ ਪੰਜਾਬੀ ਦੇ ਪਿਆਰ ਭਿੱਜਿਆ ਰਿਹਾ – ਸੂਦ ਵਿਰਕ

ਵਰਲਡ ਪੰਜਾਬੀ ਟਾਈਮਜ਼ — ਅਸ਼ੋਕ ਸ਼ਰਮਾ

ਫ਼ਗਵਾੜਾ 12 ਨਵੰਬਰ : ਪੰਜਾਬੀ ਭਾਸ਼ਾ ਇਕਾਈ ਮਾਨਸਰੋਵਰ ਸਾਹਿਤ ਅਕਾਦਮੀ ਰਾਜਸਥਾਨ ਵੱਲੋਂ ਮਿਤੀ 10 ਨਵੰਬਰ 2025 ਦਿਨ ਸੋਮਵਾਰ ਨੂੰ ਪੰਜਾਬੀ ਕਵੀ ਦਰਬਾਰ ਕਰਵਾਇਆ ਗਿਆ। ਜਿਸ ਵਿੱਚ ਕਵੀ ਜਤਿੰਦਰ ਕੌਰ,ਦਿਲਪ੍ਰੀਤ ਗੁਰੀ, ਹਰੀਸ਼ ਹਰਫ਼, ਪ੍ਰੋ. ਪਵਨ ਖਿੱਚੀ (ਮਾਨਸਾ), ਬੂਟਾ ਸੁਨਾਮੀ ਕੋਟ ਬਖਤੂ (ਬਠਿੰਡਾ) ਸ਼ਾਮਿਲ ਹੋਏ। ਪ੍ਰੋਗਰਾਮ ਦਾ ਆਗਾਜ਼ ਸੰਚਾਲਕ ਮਹਿੰਦਰ ਸੂਦ ਵਿਰਕ ਨੇ ਸ਼ਾਨਦਾਰ ਅੰਦਾਜ਼ ਵਿੱਚ ਕੀਤਾ। ਫਿਰ ਜਤਿੰਦਰ ਕੌਰ ਅਤੇ ਦਿਲਪ੍ਰੀਤ ਗੁਰੀ ਨੇ ਕਵਿਤਾਵਾਂ ਸੁਣਾ ਕੇ ਸਰੋਤਿਆਂ ਤੋਂ ਵਾਹ-ਵਾਹ ਖੱਟੀ। ਹਰੀਸ਼ ਹਰਫ਼ ਅਤੇ ਪ੍ਰੋ. ਪਵਨ ਖਿੱਚੀ ਨੇ ਸੇਧ ਵਰਧਕ ਕਵਿਤਾਵਾਂ ਪੇਸ਼ ਕੀਤੀਆਂ। ਬੂਟਾ ਸੁਨਾਮੀ ਨੇ ਵੀ ਕਵਿਤਾਵਾਂ ਨਾਲ ਖੂਬ ਸਮਾਂ ਬੰਨਿਆ। ਪ੍ਰੋਗਰਾਮ ਪ੍ਰਬੰਧਕ ਇਕਬਾਲ ਸਿੰਘ ਸਹੋਤਾ ਅਤੇ ਸੰਸਥਾਪਕ ਮਾਨ ਸਿੰਘ ਸੁਥਾਰ ਤੇ ਚੇਅਰਮੈਨ ਮੈਡਮ ਸੀਯਾ ਭਾਰਤੀ ਜੀ ਨੇ ਕਵੀ ਦਰਬਾਰ ਵਿੱਚ ਸ਼ਾਮਿਲ ਸਾਰੇ ਕਵੀ ਸਾਹਿਬਾਨ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕਰਨ ਦਾ ਐਲਾਨ ਕੀਤਾ। ਅਖੀਰ ਸੰਚਾਲਕ ਸੂਦ ਵਿਰਕ ਨੇ ਆਪਣੀ ਮੌਲਿਕ ਕਵਿਤਾ "ਖ਼ੁੱਦ ਨੂੰ ਪਛਾਣ" ਦੇ ਨਾਲ ਪ੍ਰੋਗਰਾਮ ਦੀ ਸਮਾਪਤੀ ਕੀਤੀ।




## ਕੈਬਨਿਟ ਮੰਤਰੀ ਅਮਨ ਅਰੋੜਾ ਤੇ ਤਰੁਣਪ੍ਰੀਤ ਸਿੰਘ ਸੌਂਦ ਨੇ 66ਵੇਂ ਇੰਟਰ-ਜੋਨਲ ਫੈਸਟੀਵਲ ਦੇ ਸਮਾਪਤੀ ਸਮਾਰੋਹ ਦੀ ਵਧਾਈ ਸ਼ੋਭਾ

ਵਰਲਡ ਪੰਜਾਬੀ ਟਾਈਮਜ਼




ਖੰਨਾ (ਲੁਧਿਆਣਾ), 12 ਨਵੰਬਰ : ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਤਰੁਣਪ੍ਰੀਤ ਸਿੰਘ ਸੋਂਦ ਨੇ ਏ.ਐਸ. ਕਾਲਜ, ਖੰਨਾ ਵਿਖੇ ਆਯੋਜਿਤ 66ਵੇਂ ਪੰਜਾਬ ਯੂਨੀਵਰਸਿਟੀ ਇੰਟਰ-ਜੋਨਲ ਯੂਥ ਐਂਡ ਹੈਰੀਟੇਜ ਫੈਸਟੀਵਲ ਦੇ ਸਮਾਪਤੀ ਸਮਾਰੋਹ ਵਿੱਚ ਸ਼ਿਰਕਤ ਕੀਤੀ।

ਆਪਣੇ ਸੰਬੋਧਨ ਵਿੱਚ, ਕੈਬਨਿਟ ਮੰਤਰੀ ਅਮਨ ਅਰੋੜਾ ਨੇ ਨੌਜਵਾਨਾਂ ਵਿੱਚ ਲੀਡਰਸ਼ਿਪ ਗੁਣਾਂ ਨੂੰ ਪ੍ਰਫੁੱਲਤ ਕਰਨ ਅਤੇ ਉਨ੍ਹਾਂ ਦੀਆਂ ਛੁਪੀਆਂ ਪ੍ਰਤਿਭਾਵਾਂ ਨੂੰ ਪ੍ਰਦਰਸ਼ਿਤ ਕਰਨ ਵਿੱਚ ਅਜਿਹੇ ਤਿਉਹਾਰਾਂ ਦੀ ਮਹੱਤਵਪੂਰਨ ਭੂਮਿਕਾ 'ਤੇ ਚਾਨਣਾ ਪਾਇਆ। ਉਨ੍ਹਾਂ ਅੱਗੇ ਕਿਹਾ ਕਿ ਨੌਜਵਾਨ ਦੇਸ਼ ਨੂੰ ਵਿਕਾਸ ਦੇ ਰਾਹ 'ਤੇ ਅੱਗੇ ਲਿਜਾਣ ਅਤੇ ਸਮਾਜ ਦੀ ਸਮੁੱਚੀ ਭਲਾਈ ਨੂੰ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹਨ। ਅਜਿਹੇ ਤਿਉਹਾਰ ਨੌਜਵਾਨ ਪੀੜ੍ਹੀ ਨੂੰ ਜ਼ਿੰਮੇਵਾਰੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਉਣ ਲਈ ਤਿਆਰ ਕਰਦੇ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪੰਜਾਬੀ ਨੌਜਵਾਨਾਂ ਨੇ ਨਾ ਸਿਰਫ਼ ਪੰਜਾਬ ਅਤੇ ਭਾਰਤ ਵਿੱਚ ਸਗੋਂ ਵਿਸ਼ਵ ਪੱਧਰ 'ਤੇ ਸਮਾਜਿਕ-ਆਰਥਿਕ ਵਿਕਾਸ ਵਿੱਚ ਵੱਡਾ ਯੋਗਦਾਨ ਪਾਇਆ ਹੈ।

ਕੈਬਨਿਟ ਮੰਤਰੀ ਅਰੋੜਾ ਨੇ ਕਿਹਾ ਕਿ ਨੌਜਵਾਨਾਂ ਦੀ ਭਰਪੂਰ ਊਰਜਾ ਨੂੰ ਸਮਾਜ ਦੀ ਬਿਹਤਰੀ ਲਈ ਵਰਤਣ ਦੀ ਲੋੜ ਹੈ। ਉਨ੍ਹਾਂ ਦੱਸਿਆ ਕਿ ਯੁਵਕ ਮੇਲੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਸੰਗੀਤ, ਨ੍ਰਿਤ, ਥੀਏਟਰ ਅਤੇ ਹੋਰ ਖੇਤਰਾਂ ਵਿੱਚ ਨੌਜਵਾਨਾਂ ਨੂੰ ਵੱਖ-ਵੱਖ ਗਤੀਵਿਧੀਆਂ ਲਈ ਤਿਆਰ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਕਾਲਜ ਪ੍ਰਬੰਧਨ ਲਈ 5 ਲੱਖ ਰੁਪਏ ਦਾ ਐਲਾਨ ਵੀ ਕੀਤਾ।

ਇਸ ਦੌਰਾਨ, ਕੈਬਨਿਟ ਮੰਤਰੀ ਸੋਂਦ ਨੇ ਕਿਹਾ ਕਿ ਕਲਾ ਅਤੇ ਸੱਭਿਆਚਾਰ ਕਿਸੇ ਦੀ ਸ਼ਖਸੀਅਤ ਦੇ ਸਮੁੱਚੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਅਤੇ ਇਸ ਤਰ੍ਹਾਂ ਯੁਵਕ ਮੇਲੇ ਨੌਜਵਾਨਾਂ ਨੂੰ ਆਪਣੀ ਦੁਰਲੱਭ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਲਈ ਇੱਕ ਸਿਹਤਮੰਦ ਪਲੇਟਫਾਰਮ ਪ੍ਰਦਾਨ ਕਰਦੇ ਹਨ। ਉਨ੍ਹਾਂ ਪਿਛਲੇ 117 ਸਾਲਾਂ ਤੋਂ ਖੰਨਾ ਦੇ ਨੌਜਵਾਨਾਂ ਨੂੰ ਵਿਦਿਅਕ ਮੌਕੇ ਪ੍ਰਦਾਨ ਕਰਨ ਲਈ ਏ.ਐਸ. ਕਾਲਜ ਪ੍ਰਬੰਧਨ ਦੀ ਵੀ ਪ੍ਰਸ਼ੰਸਾ ਕੀਤੀ।

ਇਸ ਮੌਕੇ ਪੰਜਾਬ ਜੈਨਕੋ ਦੇ ਚੇਅਰਮੈਨ ਨਵਜੋਤ ਸਿੰਘ ਜਰਗ, ਪ੍ਰਿੰਸੀਪਲ ਕੇ ਕੇ ਸ਼ਰਮਾ ਅਤੇ ਹੋਰ ਮੌਜੂਦ ਸਨ। ਸਮਾਗਮ ਦੌਰਾਨ ਕੈਬਨਿਟ ਮੰਤਰੀਆਂ ਵੱਲੋਂ ਮੰਡੇਰ ਬ੍ਰਦਰਜ਼ ਦੁਆਰਾ ਇੱਕ ਪੰਜਾਬੀ ਗੀਤ ਵੀ ਰਿਲੀਜ਼ ਕੀਤਾ ਗਿਆ।

## ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਜਿਲ੍ਹਾ ਫਰੀਦਕੋਟ ਦਾ ਜਰਨਲ ਇਜਲਾਸ ਭਗਤ ਸਿੰਘ ਪਾਰਕ ਕੋਟਕਪੂਰਾ ਵਿਖ਼ੇ ਪ੍ਰਧਾਨ ਡਾ ਅੰਮ੍ਰਿਤਵੀਰ ਸਿੰਘ ਸਿੱਧੂ ਦੀ ਅਗਵਾਹੀ ਹੇਠ ਹੋਇਆ।

ਵਰਲਡ ਪੰਜਾਬੀ ਟਾਈਮਜ਼ — ਧਰਮ ਪ੍ਰਵਾਨਾਂ



ਫਰੀਦਕੋਟ 12 ਨਵੰਬਰ: ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਜਿਲ੍ਹਾ ਫਰੀਦਕੋਟ ਦਾ ਜਰਨਲ ਇਜਲਾਸ mpap ਜਿਲ੍ਹਾ ਫ਼ਰੀਦਕੋਟ ਦਾ ਜਰਨਲ ਇਜਲਾਸ ਸ਼ਹੀਦ ਭਗਤ ਸਿੰਘ ਪਾਰਕ ਕੋਟਕਪੂਰਾ ਵਿਖ਼ੇ ਪ੍ਰਧਾਨ ਡਾ ਅੰਮ੍ਰਿਤਵੀਰ ਸਿੰਘ ਸਿੱਧੂ ਦੀ ਅਗਵਾਹੀ ਹੇਠ ਹੋਇਆ।ਮੀਟਿੰਗ ਦੀ ਸ਼ੁਰੂਆਤ ਜੱਥਬੰਦੀ ਨਾਲ ਸੰਬਧਿਤ ਸਾਥੀਆਂ ਦੇ ਵਿਛੜੇ ਹੋਏ ਪਰਿਵਾਰਿਕ ਮੈਂਬਰਾਂ ਨੂੰ ਦੋ ਮਿੰਟ ਦਾ ਮੋਨ ਰੱਖ ਕੇ ਸ਼ਰਧਾਂਜਲੀ ਦਿਤੀ ਗਈ ।ਡਾ ਜਰਨੈਲ ਸਿੰਘ ਡੋਡ ਨੇ ਜ਼ਿਲ੍ਹੇ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦੇ ਕੇ ਮੀਟਿੰਗ ਦੀ ਸ਼ੁਰੂਆਤ ਕੀਤੀ। ਡਾ ਸਰਾਜ ਖਾਨ ਜਿਲ੍ਹਾ ਜਰਨਲ ਸੈਕਟਰੀ ਨੇ ਸੈਕਟਰੀ ਰਿਪੋਟ ਅਤੇ ਡਾ ਜਗਸੀਰ ਸਿੰਘ ਜਿਲ੍ਹਾ ਖਜਾਨਚੀ ਨੇ ਖਜਾਨਚੀ ਰਿਪੋਟ ਪੜ੍ਹ ਕੇ ਸੁਣਾਈ। ਸਾਰੇ ਡਾ ਸਾਥੀਆਂ ਨੇ ਹੱਥ ਖੜੇ ਕਰ ਕੇ ਦੋਨਾਂ ਰਿਪੋਟਾਂ ਦੀ ਹਾਮੀ ਭਰੀ। ਡਾ ਗੁਰਪਾਲ ਸਿੰਘ ਮੌੜ ਨੇ ਸਾਰੇ ਸਾਥੀਆਂ ਨੂੰ ਇਕ ਜੁਟ ਹੋ ਕੇ ਏਕੇ ਨਾਲ ਰਹਿਣ ਦੀ ਅਪੀਲ ਕੀਤੀ। ਡਾ ਬਲਵਿੰਦਰ ਸਿੰਘ ਸਿਵੀਆਂ ਨੇ ਜਥੇਬੰਦੀ ਦੇ ਕੈਲੈਂਡਰ, ਆਈ ਕਾਰਡ ਅਤੇ ਪ੍ਰਮਾਣ ਪੱਤਰ ਬਣਾਉਣ ਸੰਬੰਧੀ ਆਪਣੇ ਵਿਚਾਰ ਰੱਖੇ।ਡਾ ਜਸਵਿੰਦਰ ਸਿੰਘ ਖੀਵਾ ਨੇ ਆਪਣੇ ਵਿਚਾਰਾਂ ਵਿਚ ਸੂਬੇ ਵਿਚ ਚਲ ਰਹੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿਤੀ। ਵੈਦ ਬਗੀਚਾ ਸਿੰਘ ਨੇ ਆਪਣੇ ਦਿਲ ਦੇ ਭਾਵ ਪ੍ਰਗਟ ਕੀਤੇ। ਕੇਂਦਰ ਸਰਕਾਰ ਵਲੋਂ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਭੰਗ ਕਰਨ ਦੇ ਮਾਮਲੇ ਵਿਚ ਪ੍ਰਧਾਨ ਡਾ ਅੰਮ੍ਰਿਤਵੀਰ ਸਿੰਘ ਸਿੱਧੂ ਨੇ ਕੇਂਦਰ ਸਰਕਾਰ ਨੂੰ ਕਰੜੇ ਹੱਥੀਂ ਲੈਂਦਿਆ ਕਿਹਾ ਕੇ ਸਰਕਾਰ ਨੇ ਇਸ ਮਸਲੇ ਦਾ ਜਲਦੀ ਹਲ ਨਾ ਕੀਤਾ ਤਾ ਜਥੇਬੰਦੀ ਪੰਜਾਬ ਦੀ ਪੰਜਾਬ ਯੂਨੀਵਰਸਿਟੀ ਨੂੰ ਬਚਾਉਣ ਲਈ ਸੰਘਰਸ਼ ਵਿੱਢੇਗੀ।ਜ਼ਿਲ੍ਹੇ ਦੀ ਚੋਣ ਪ੍ਰਕਿਰਿਆ ਸ਼ੁਰੂ ਕਰਨ ਉਪਰੰਤ ਪੁਰਾਣੀ ਕਮੇਟੀ ਭੰਗ ਕਰਕੇ ਨਵੀ ਬਣਾਉਣ ਦਾ ਪ੍ਰਸਤਾਵ ਰੱਖਿਆ ਗਿਆ ਤਾ ਸਾਰੇ ਸਾਥੀਆਂ ਨੇ ਪੁਰਾਣੀ ਕਮੇਟੀ ਨੂੰ ਹੀ ਬਹਾਲ ਕਰਕੇ ਦੁਬਾਰਾ ਮੌਕਾ ਦੇਣ ਦਾ ਫ਼ੈਸਲਾ ਕੀਤਾ। ਜ਼ਿਲ੍ਹਾ ਪ੍ਰਧਾਨ ਡਾ ਅਮ੍ਰਿਤਵੀਰ ਸਿੰਘ ਸਿੱਧੂ

ਜ਼ਿਲ੍ਹਾ ਜਨਰਲ ਸਕੱਤਰ ਡਾ ਸਰਾਜ ਖਾਂਨ

ਜ਼ਿਲ੍ਹਾ ਖ਼ਜ਼ਾਨਚੀ ਡਾ ਜਗਸੀਰ ਸਿੰਘ

ਜ਼ਿਲ੍ਹਾ ਸਰਪ੍ਰਸਤ ਵੈਦ ਬਗੀਚਾ ਸਿੰਘ

ਜ਼ਿਲ੍ਹਾ ਚੇਅਰਮੈਨ ਡਾ ਬਲਵਿੰਦਰ ਸਿੰਘ ਬਰਗਾੜੀ

ਜ਼ਿਲ੍ਹਾ ਮੁੱਖ ਸਲਾਹਕਾਰ ਡਾ ਗੁਰਪਾਲ ਸਿੰਘ ਮੌੜ

ਜ਼ਿਲ੍ਹਾ ਮੁੱਖ ਬੁਲਾਰਾ ਡਾ ਕਰਮ ਸਿੰਘ ਢਿਲਵਾਂ

ਜ਼ਿਲ੍ਹਾ ਪ੍ਰੈਸ ਸਕੱਤਰ ਡਾ ਵਰਿੰਦਰ ਸਿੰਘ ਡੋਡ

ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਡਾ ਬਲਵਿੰਦਰ ਐਮ ਸੀ ਜੈਤੋ

ਜ਼ਿਲ੍ਹਾ ਮੀਤ ਪ੍ਰਧਾਨ ਡਾ ਅਮਰਜੀਤ ਸਿੰਘ ਲੰਭਵਾਲੀ

ਜ਼ਿਲ੍ਹਾ ਮੀਤ ਪ੍ਰਧਾਨ ਸੁਖਚੈਨ ਸਿੰਘ ਸੰਧੂ ਜਿਲ੍ਹਾ ਜਥੇਬੰਦਕ ਸਕੱਤਰ ਡਾ ਮਨਜੀਤ ਸਿੰਘ

ਸੂਬਾ ਡੈਲੀਗੇਟ ਡਾ ਜਰਨੈਲ ਸਿੰਘ ਡੋਡ

ਡਾ ਜਲੰਧਰ ਸਿੰਘ

ਡਾ ਜਸਵਿੰਦਰ ਸਿੰਘ ਖੀਵਾ

ਸਹਾਇਕ ਸਕੱਤਰ ਡਾ ਵਿਕਰਮ ਚੌਹਾਨ

ਮਹਿਲਾ ਵਿੰਗ ਕੁਆਰਡੀਨੇਟਰ ਡਾ ਅਮਨਦੀਪ ਕੌਰ

ਡਾ ਜਸਵੀਰ ਕੌਰ ਪੰਜਗਰਾਈਂ

ਡਾ ਗੁਰਬੰਸ ਕੌਰ ਕੋਟਕਪੂਰਾ ਡਾ ਸੁਖਵਿੰਦਰ ਕੌਰ ਖਾਰਾ ਜ਼ਿਲਾ ਸਹਾਇਕ ਖਜ਼ਾਨਚੀ ਡਾ ਬਲਦੇਵ ਸਿੰਘ ਰੋਮਾਣਾ ਅਹੁਦੇਦਾਰ ਚੁਣੇ ਗਏ। ਇਸ ਮੌਕੇ ਡਾ ਮੰਦਰ ਸਿੰਘ ਬਲਾਕ ਪ੍ਰਧਾਨ ਪੰਜਗਰਾਈਂ ਡਾ ਹਰਪਾਲ ਸਿੰਘ ਪ੍ਰਧਾਨ ਜੈਤੋ ਡਾ ਸੁਖਪਾਲ ਸਿੰਘ ਸੀਨੀਅਰ ਮੀਤ ਪ੍ਰਧਾਨ ਬਾਜਾਖਾਨਾ ਡਾ ਰਣਜੀਤ ਸਿੰਘ ਪ੍ਰਧਾਨ ਕੋਟਕਪੂਰਾ ਡਾ ਸੁਖਜਿੰਦਰ ਸਿੰਘ ਪ੍ਰਧਾਨ ਖਾਰਾ ਡਾ ਬਲਰਾਜ ਗਰੇਵਰ ਪ੍ਰਧਾਨ ਬਰਗਾੜੀ ਡਾ ਜੀਤ ਸਿੰਘ ਡਾ ਰਾਜ ਸਿੰਘ ਡਾ ਸੁੱਖਵਿੰਦਰ ਸਿੰਘ ਡਾ ਵੀਰਪਾਲ ਸਿੰਘ ਡਾ ਰਣਜੀਤ ਸਿੰਘ ਡਾ ਮਨਜੀਤ ਸਿੰਘ ਡਾ ਦਲਜੀਤ ਸਿੰਘ ਮਨਪ੍ਰੀਤ ਸਿੰਘ ਡਾ ਬੂਟਾ ਸਿੰਘ ਡਾ ਮਹਿੰਦਰ ਸਿੰਘ ਘਣੀਆਂ ਡਾ ਬਲਵਿੰਦਰ ਕਟਾਰੀਆ ਡਾ ਗੋਪਾਲ ਕਟਾਰੀਆ ਆਦਿ ਸਾਥੀ ਹਾਜਰ ਸਨ।

## ਸੁਰੱਖਿਆ ਦੇ ਮੱਦੇਨਜਰ ਚੈਕਿੰਗ ਗਤੀਵਿਧੀਆ ਦਾ ਜਾਇਜਾ ਲੈਣ ਲਈ ਰੇਲਵੇ ਸਟੇਸ਼ਨ ਪਹੁੰਚੇ ਐਸ.ਐਸ.ਪੀ.

### ਪੁਲਿਸ ਕਰਮਚਾਰੀਆਂ ਨੂੰ ਚੈਕਿੰਗ ਦੌਰਾਨ ਪੂਰੀ ਸਾਵਧਾਨੀ ਤੇ ਚੌਕਸੀ ਵਰਤਣ ਦੇ ਦਿੱਤੇ ਨਿਰਦੇਸ਼

### ਰੇਲਵੇ ਸਟੇਸ਼ਨ ਦੀਆਂ ਪਾਰਕਿੰਗਾਂ 'ਚ ਖੜ੍ਹੇ ਵਾਹਨਾਂ ਦੀ ਵੀ 'ਵਾਹਨ ਐਪ' ਰਾਹੀਂ ਕੀਤੀ ਜਾਂਚ

ਵਰਲਡ ਪੰਜਾਬੀ ਟਾਈਮਜ਼




ਫਰੀਦਕੋਟ, 12 ਨਵੰਬਰ : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਧੀਨ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਈ ਰੱਖਣ ਦੇ ਉਦੇਸ਼ ਨਾਲ ਗੌਰਵ ਯਾਦਵ ਡੀ.ਜੀ.ਪੀ ਦੀਆਂ ਹਦਾਇਤਾਂ ਮੁਤਾਬਿਕ ਅਸਮਾਜਿਕ ਤੱਤਾਂ ਵਿਰੁੱਧ ਚਲਾਈਆਂ ਜਾ ਰਹੀਆਂ ਵਿਸ਼ੇਸ਼ ਮੁਹਿੰਮਾਂ ਦੇ ਹਿੱਸੇ ਵਜੋਂ ਡਾ. ਪ੍ਰਗਿਆ ਜੈਨ ਐਸ.ਐਸ.ਪੀ. ਦੀ ਅਗਵਾਈ ਹੇਠ ਮੰਗਲਵਾਰ ਨੂੰ ਜਿਲ੍ਹੇ ਦੇ ਸਾਰੇ ਰੇਲਵੇ ਸਟੇਸ਼ਨਾ ਅਤੇ ਉਨ੍ਹਾਂ ਦੇ ਆਸ-ਪਾਸ ਖੇਤਰਾਂ ਵਿੱਚ ਦੁਪਹਿਰ 1:00 ਵਜੇ ਤੋ ਲੈ ਕੇ ਵਿਸ਼ੇਸ਼ ਕੌਰਡਨ ਐਂਡ ਸਰਚ ਓਪਰੇਸ਼ਨ (ਕਾਸੋ) ਚਲਾਇਆ ਗਿਆ। ਇਸ ਦੌਰਾਨ ਪੁਲਿਸ ਟੀਮਾਂ, ਜਿੰਨ੍ਹਾਂ ਵਿੱਚ ਐਟੀ-ਸਾਬੋਟੇਜ ਅਤੇ ਡੌਗ ਸਕਾਡ ਟੀਮਾ ਵੀ ਸ਼ਾਮਲ ਸਨ, ਵੱਲੋ ਰੇਲਵੇ ਸਟੇਸ਼ਨਾ 'ਤੇ ਗਹਿਰਾਈ ਨਾਲ ਜਾਂਚ ਕੀਤੀ। ਇਸ ਦੌਰਾਨ ਸ਼ੱਕੀ ਵਿਅਕਤੀਆਂ ਨੂੰ ਰੋਕ ਕੇ ਪੁੱਛਗਿੱਛ ਕੀਤੀ ਗਈ ਅਤੇ ਉਨ੍ਹਾਂ ਦੀ ਪਛਾਣ ਦੀ ਜਾਂਚ ਕੀਤੀ ਗਈ। ਇਸ ਦੌਰਾਨ ਜੀ.ਆਰ.ਪੀ ਪੁਲਿਸ ਦੇ ਕਰਮਚਾਰੀਆਂ ਦੇ ਸਹਿਯੋਗ ਨਾਲ ਯਾਤਰੀਆਂ ਦੇ ਸਮਾਨ ਦੀ ਵੀ ਜਾਂਚ ਕੀਤੀ ਗਈ ਅਤੇ ਬਿਨਾਂ ਕਿਸੇ ਵਜਾ ਦੇ ਰੇਲਵੇ ਸਟੇਸ਼ਨ ਵਿੱਚ ਘੁੰਮਣ ਵਾਲੇ ਵਿਅਕਤੀਆਂ ਨੂੰ ਰੋਕ ਕੇ ਉਨ੍ਹਾਂ ਦੀ ਪਛਾਣ ਦੀ ਜਾਂਚ ਕੀਤੀ ਗਈ। ਇਸ ਦੇ ਨਾਲ ਹੀ ਰੇਲਵੇ ਸਟੇਸ਼ਨ ਦੀਆਂ ਪਾਰਕਿੰਗਾ ਵਿੱਚ ਖੜ੍ਹੇ ਵਾਹਨਾਂ ਦੀ ਵੀ 'ਵਾਹਨ ਐਪ' ਰਾਹੀਂ ਜਾਂਚ ਕੀਤੀ ਗਈ। ਇਸ ਮੌਕੇ ਚੈਕਿੰਗ ਗਤੀਵਿਧੀਆ ਦਾ ਜਾਇਜਾ ਲੈਣ ਲਈ ਰੇਲਵੇ ਸਟੇਸ਼ਨ ਫਰੀਦਕੋਟ ਪਹੁੰਚੇ ਡਾ. ਪ੍ਰਗਿਆ ਜੈਨ ਐਸ.ਐਸ.ਪੀ. ਫਰੀਦਕੋਟ ਨੇ ਦੱਸਿਆ ਕਿ ਪੁਲਿਸ ਪ੍ਰਸ਼ਾਸ਼ਨ ਵੱਲੋਂ ਅਸਮਾਜਿਕ ਤੱਤਾਂ ਦੇ ਵਿਰੱਧ ਲਗਾਤਾਰ ਕੜੀ ਨਿਗਰਾਨੀ ਰੱਖੀ ਜਾ ਰਹੀ ਹੈ। ਅੱਜ ਇਹ ਕੀਤੀ ਜਾ ਰਹੀ ਚੈਕਿੰਗ ਵੀ ਇਸੇ ਦਾ ਹੀ ਹਿੱਸਾ ਹੈ। ਪੁਲਿਸ ਪ੍ਰਸ਼ਾਸ਼ਨ ਵੱਲੋ ਭੀੜ-ਭੜੱਕੇ ਵਾਲੇ ਏਰੀਆਂ, ਰੇਲਵੇ ਸਟੇਸ਼ਨਾ, ਬੱਸ ਸਟੈਡਾਂ ਅਤੇ ਮਹੱਤਵਪੂਰਨਾ ਸਥਾਨਾ ਪਰ ਐਟੀ-ਸਾਬੋਟੇਜ ਟੀਮਾਂ ਵੱਲੋ ਚੈਕਿੰਗ ਕੀਤੀ ਜਾ ਰਹੀ ਹੈ। ਇਸ ਦੇ ਡਰੋਨ ਕੈਮਰਿਆ ਅਤੇ ਸੀ.ਸੀ.ਟੀ.ਵੀ ਕੈਮਰਿਆ ਰਾਹੀ ਵੀ ਲਗਾਤਾਰ ਨਿਗਰਾਨੀ ਰੱਖੀ ਜਾ ਰਹੀ ਹੈ। ਉਹਨਾ ਦੱਸਿਆ ਕਿ ਇਹ ਚੈਕਿੰਗਾਂ ਕਿਸੇ ਵੀ ਹਾਈ ਅਲਟਰ ਦੌਰਾਨ ਕੀਤੀਆ ਜਾ ਰਹੀਆ ਕਾਰਵਾਈਆ ਦਾ ਹਿੱਸਾ ਹਨ, ਜੋ ਕਿ ਆਉਣ ਵਾਲੇ ਸਮੇ ਵੀ ਜਾਰੀ ਰਹਿਣਗੀਆ। ਇਸਦੇ ਨਾਲ ਪਬਲਿਕ ਅੰਦਰ ਵੀ ਇਸ ਤਰ੍ਹਾਂ ਦੀਆਂ ਚੈਕਿੰਗ ਨਾਲ ਸੁਰੱਖਿਆ ਦੀ ਭਾਵਨਾ ਹੋਰ ਮਜ਼ੂਬਤ ਹੁੰਦੀ ਹੈ। ਇਸ ਮੌਕੇ ਉਹਨਾ ਦੱਸਿਆ ਕਿ ਸਮੂਹ ਪੁਲਿਸ ਅਧਿਕਾਰੀਆ, ਕਰਮਚਾਰੀਆਂ ਅਤੇ ਖਾਸ ਤੌਰ 'ਤੇ ਪੀ.ਸੀ.ਆਰ. ਟੀਮਾਂ ਨੂੰ ਇਹ ਸਖਤ ਹਦਾਇਤਾ ਜਾਰੀ ਕੀਤੀਆ ਗਈਆ ਹਨ ਕਿ ਆਪਣੇ ਅੰਦਰ ਆਉਦੇ ਏਰੀਆਂ ਵਿੱਚ ਪੂਰੀ ਮੁਸਤੈਦੀ ਨਾਲ ਡਿਊਟੀ ਕੀਤੀ ਜਾਵੇ। ਇਸ ਦੇ ਨਾਲ ਹੀ ਐਸ.ਐਸ.ਪੀ. ਫਰੀਦਕੋਟ ਵੱਲੋਂ ਪਬਲਿਕ ਨੂੰ ਵੀ ਅਪੀਲ ਕੀਤੀ ਕਿ ਜੇਕਰ ਉਹਨਾ ਪਾਸ ਕਿਸੇ ਵੀ ਸ਼ੱਕੀ ਗਤੀਵਿਧੀ ਸਬੰਧੀ ਸੂਚਨਾ ਹੈ ਤਾਂ ਉਹਨ ਹੈਲਪਲਾਈਨ ਨੰਬਰ 112 ਜਾ ਫਿਰ ਨਜਦੀਕੀ ਪੁਲਿਸ ਸਟੇਸ਼ਨ 'ਤੇ ਜਾ ਕੇ ਵੀ ਇਤਲਾਹ ਦੇਣ।

